Civil Resolution Tribunal

# ਟ੍ਰਿਬਿਊਨਲ ਦੀ ਕਾਰਵਾਈ

## ਟ੍ਰਿਬਿਊਨਲ ਦੀ ਕਾਰਵਾਈ ਦੇ ਕਈ ਪੜਾ ਹਨ।

ਇਹ ਇਨਟੇਕ ਦੇ ਕਾਰਜ ਨਾਲ ਸ਼ੁਰੂ ਹੁੰਦੀ ਹੈ, ਜਿਸ ਵਿਚ ਅਰਜ਼ੀ ਕਰਨ ਵਾਲਾ ਝਗੜੇ (ਡਿਸਪਿਊਟ) ਦੇ ਹੱਲ ਲਈ ਐਪਲੀਕੇਸ਼ਨ ਦਿੰਦਾ ਹੈ, ਸਾਰੇ ਉੱਤਰਦਾਇਕਾਂ (ਰਿਸਪੌਂਡੈਂਟਸ) ਨੂੰ ਝਗੜੇ ਦੇ ਨੋਟਿਸ ਦਾ ਪੈਕੇਜ ਦਿੰਦਾ ਹੈ, ਅਤੇ ਉੱਤਰਦਾਇਕ ਆਪਣਾ ਜਵਾਬ ਦਾਇਰ ਕਰਦੇ ਹਨ। ਫਿਰ ਇਹ ਗੱਲਬਾਤ, ਮਦਦ ਅਤੇ ਫੈਸਲੇ ਦੇ ਕਾਰਜ ਵਿਚ ਦੀ ਲੰਘਦੀ ਹੈ। **ਝਗੜੇ ਟ੍ਰਿਬਿਊਨਲ ਦੀ ਕਾਰਵਾਈ ਦੇ ਕਿਸੇ ਪੜਾ `ਤੇ ਵੀ ਹੱਲ ਹੋ ਸਕਦੇ ਹਨ।**

### 1. ਕਲੇਮ ਸ਼ੁਰੂ ਕਰਨਾ

ਸੀ ਆਰ ਟੀ ਤੁਹਾਡੇ ਬਾਰੇ ਅਤੇ ਝਗੜੇ ਬਾਰੇ ਜਾਣਕਾਰੀ ਮੰਗੇਗਾ। ਤੁਸੀਂ ਫੀਸ ਵੀ ਦਿਉਗੇ ਅਤੇ ਸ਼ਾਮਲ ਹੋਰ ਲੋਕਾਂ ਨੂੰ ਸੂਚਿਤ ਕਰੋਗੇ।

### 2. ਕਲੇਮ ਦਾ ਜਵਾਬ ਦੇਣਾ

ਸੀ ਆਰ ਟੀ ਤੁਹਾਡੇ ਬਾਰੇ ਅਤੇ ਝਗੜੇ ਬਾਰੇ ਜਾਣਕਾਰੀ ਮੰਗੇਗਾ। ਤੁਸੀਂ ਫੀਸ ਵੀ ਦਿਉਗੇ।

### 3. ਗੱਲਬਾਤ

ਸੀ ਆਰ ਟੀ ਦੀ ਕਾਰਵਾਈ ਤੇਜ਼ੀ ਨਾਲ ਗੱਲਬਾਤ ਕਰਨ ਨਾਲ ਸ਼ੁਰੂ ਹੁੰਦੀ ਹੈ। ਤੁਸੀਂ ਗੱਲਬਾਤ ਕਰਕੇ ਅਤੇ ਕਿਸੇ ਐਗਰੀਮੈਂਟ `ਤੇ ਪਹੁੰਚ ਕੇ ਝਗੜੇ ਦਾ ਹੱਲ ਕਰਨ ਦੀ ਕੋਸ਼ਿਸ਼ ਕਰੋਗੇ।

### 4. ਮਦਦ

ਗੱਲਬਾਤ ਤੋਂ ਬਾਅਦ, ਮਦਦ ਕਰਨ ਵਾਲਾ ਇਕ ਵਿਅਕਤੀ (ਫਾਸਿਲੀਟੇਟਰ) ਅਜਿਹੇ ਹੱਲ `ਤੇ ਪਹੁੰਚਣ ਵਿਚ ਤੁਹਾਡੀ ਅਤੇ ਹੋਰਨਾ ਦੀ ਮਦਦ ਕਰੇਗਾ ਜਿਸ ਨਾਲ ਹਰ ਕੋਈ ਸਹਿਮਤ ਹੋ ਸਕੇ। ਐਗਰੀਮੈਂਟਾਂ ਨੂੰ ਆਰਡਰਾਂ ਵਿਚ ਬਦਲਿਆ ਜਾ ਸਕਦਾ ਹੈ। ਇਨ੍ਹਾਂ ਆਰਡਰਾਂ ਦੀ ਵੀ ਕੋਰਟ ਦੇ ਆਰਡਰਾਂ ਜਿੰਨੀ ਹੀ ਤਾਕਤ ਹੁੰਦੀ ਹੈ।

### 5. ਟ੍ਰਿਬਿਊਨਲ ਦਾ ਫੈਸਲੇ ਦਾ ਕਾਰਜ

ਜੇ ਤੁਸੀਂ ਗੱਲਬਾਤ ਜਾਂ ਮਦਦ ਨਾਲ ਕਿਸੇ ਐਗਰੀਮੈਂਟ `ਤੇ ਨਾ ਪਹੁੰਚ ਸਕਦੇ ਹੋਵੋ ਤਾਂ ਸੀ ਆਰ ਟੀ ਦਾ ਇਕ ਨਿਰਪੱਖ ਮੈਂਬਰ ਤੁਹਾਡੇ ਝਗੜੇ ਦਾ ਫੈਸਲਾ ਕਰੇਗਾ ਅਤੇ ਇਹ ਫੈਸਲਾ ਹਰ ਧਿਰ ਵਲੋਂ ਦਿੱਤੀ ਗਈ ਜਾਣਕਾਰੀ ਦੇ ਆਧਾਰ `ਤੇ ਹੋਵੇਗਾ। ਇਸ ਫੈਸਲੇ ਨੂੰ ਵੀ ਕੋਰਟ ਦੇ ਆਰਡਰ ਵਾਂਗ ਲਾਗੂ ਕਰਵਾਇਆ ਜਾ ਸਕਦਾ ਹੈ।